ਸੇਵਾ ਵਿਖੇ,

ਡਿਸਟ੍ਰਿਕ ਮੈਜਿਸਟ੍ਰੇਟ,
ਅੰਮ੍ਰਿਤਸਰ।

ਨੰ: 3537 ਮਿਤੀ: 17/01/2022

ਵਿਸ਼ਾ:- **No Objection Certificate for the proposed retail outlet ( only for Two/three wheelers ) on Ajnala within Municipal Limits ( on Ajnala Fatehgarh Churian Road, District Amritsar at Khasra No. 52//4/2, 52//5/1 Khatoni No. 655, 1498 situated Ajnala (WML) District Amritsar.**

ਹਵਾਲਾ:- ਆਪ ਜੀ ਦਾ ਪੱਤਰ ਨੰ: **A.L.A. 1330-39** ਮਿਤੀ: **24/11/2021**

ਉਪਰੋਕਤ ਵਿਸ਼ੇ ਦੇ ਹਵਾਲੇ ਅਧੀਨ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਪ ਮੰਡਲ ਇੰਜੀਨੀਅਰ,ਉਸਾਰੀ ਉਪ ਮੰਡਲ ਅਜਨਾਲਾ ਨੇ ਆਪਣੇ ਪੱਤਰ ਨੰ. 365 ਮਿਤੀ. 12/01/2022 ਰਾਹੀ ਰਿਪੋਰਟ ਕੀਤੀ ਹੈ ਕਿ **BPC Retail Outlet ( only for Two/three wheelers ) on Ajnala within Municipal Limits ( on Ajnala Fatehgarh Churian Road, ( MDR-63 )District Amritsar at Khasra No. 52//4/2, 52//5/1 Khatoni No. 655, 1498 situated Ajnala (WML) District Amritsar.** ਵਿਖੇ ਲੱਗਣ ਵਾਲੇ ਪੰਪ ਦਾ ਐਨ.ਓ.ਸੀ. ਦੇਣ ਤੇ ਰੋਡ ਪੁਆਇੰਟ ਆਫ ਵਿਊ ਨਾਲ ਕੋਈ ਇਤਰਾਜ ਨਹੀਂ ਹੈ ਅਤੇ ਇਹ ਹੇਠ ਲਿਖੀਆਂ ਸ਼ਰਤਾ ਮੁਤਾਬਿਕ ਜਾਰੀ ਕੀਤਾ ਜਾਂਦਾ ਹੈ:-

1. ਪੰਪ ਦੇ ਸਾਹਮਣੇ ਪਾਸੇ ਸੜ੍ਹਕ ਦੀ ਬਾਊਂਡਰੀ ਤੇ 2.50' ਸਪੈਨ ਸਲੈਬ ਟਾਈਪ ਕਲਵਰਟ ਪਾਣੀ ਦੀ ਨਿਕਾਸੀ ਲਈ ਬਣਾਈ ਜਾਵੇ।
2. ਪੰਪ ਲੱਗਣ ਵਾਲੀ ਜਗ੍ਹਾ ਦਾ ਲੈਵਲ ਸੜ੍ਹਕ ਤੋਂ ਨੀਵਾ ਰੱਖਿਆ ਜਾਵੇ।
3. ਪੰਪ ਵਾਲੀ ਜਗ੍ਹਾ ਤੇ ਜੋ ਵਾਧੂ ਪਾਣੀ ਹੁੰਦਾ ਹੈ ਉਹ ਸੜ੍ਹਕ ਤੇ ਨਹੀਂ ਆਉਣਾ ਚਾਹੀਦਾ। ਉਸ ਦੀ ਡਿਸਪੋਜ਼ਲ ਪੰਪ ਮਾਲਕ ਵਲੋਂ ਆਪਣੀ ਜ਼ਮੀਨ ਤੇ ਬਣਾਈ ਜਾਵੇ।
4. ਬੱਫਰ ਸਟਿਪ ਦਾ ਸਾਈਜ ਨਕਸ਼ੇ ਅਨੁਸਾਰ 6.00 x 1.00 ਮੀਟਰ ਹੀ ਰੱਖਿਆ ਜਾਵੇ।
5. ਬੱਫਰ ਸਟਿਪ ਦੀ ਦੂਰੀ ਸੜਕ ਦੀ ਸੈਂਟਰ ਲਾਈਨ ਤੋਂ ਨੱਥੀ ਨਕਸ਼ੇ ਮੁਤਾਬਿਕ 13.41 ਮੀਟਰ ਹੀ ਰੱਖੀ ਜਾਵੇ।
6. ਪੰਪ ਦੇ ਅੰਦਰ ਅਤੇ ਬਾਹਰ ਜਾਣ ਵਾਲੇ ਵਹੀਕਲਾਂ ਲਈ ਰਸਤਾਂ 6.00 ਮੀਟਰ x 6.00 ਮੀਟਰ ਹੋਣਾ ਚਾਹੀਦਾ ਹੈ।
7. ਪੰਪ ਨਕਸ਼ੇ ਤੇ ਦਰਸਾਈ ਗਈ ਜਗ੍ਹਾ ਜਮਾਬੰਦੀ ਤੇ **Khasra No. 52//4/2, 52//5/1, and Khatoni No. 655, 1498** ਹੀ ਲਗਾਇਆ ਜਾਵੇ।.
8. ਵਹੀਕਲ ਦੀ ਸਹੂਲਤ ਲਈ ਸਲਿਪ ਰੋਡ ਫਰਮ ਆਪਣੇ ਖਰਚੇ ਤੇ ਬਣਾਏਗੀ।
9. ਜੇਕਰ ਪੰਪ ਲੱਗਣ ਵਾਲੇ ਰਸਤੇ/ਜਗ੍ਹਾ ਤੇ ਕੋਈ ਦਰਖਤ ਆਉਂਦਾ ਹੈ ਤਾਂ ਦਰਖਤ ਕੱਟਣ ਤੋਂ ਪਹਿਲਾਂ ਪੰਪ ਵਾਲੀ ਜਗ੍ਹਾ ਤੇ ਉਸਾਰੀ ਨਾ ਕੀਤੀ ਜਾਵੇ।
10. **Secretary to Govt. of Punjab, Department of Public Works (B&R)** ਮੀਮੋ ਨੰ: 5/13/2018-3BR3/1294287/3 ਮਿਤੀ ਚੰਡੀਗੜ੍ਹ 10-08-2018 ਦੇ ਦਫ਼ਤਰੀ ਹੁਕਮ ਅਨੁਸਾਰ ਇਹ ਐਨ.ਓ.ਸੀ. ਪੰਜ ਸਾਲ ਵਾਸਤੇ ਜਾਰੀ ਕੀਤਾ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਪੰਪ ਲਗਾਉਂਦੇ ਸਮੇਂ **I.R.C/12 of 2016** ਦੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ। ਪੰਜ ਸਾਲ ਬਾਅਦ ਫਰਮ ਨੂੰ ਦੁਬਾਰਾ ਮਹਿਕਮਾ ਪੀ.ਡਬਲਯੂ.ਡੀ ਬੀ ਐਂਡ ਆਰ ਨੂੰ ਫੀਸ ਜਮ੍ਹਾ ਕਰਵਾ ਕੇ ਐਨ.ਓ.ਸੀ. ਰੀਨਿਊ ਕਰਵਾਉਣਾ ਹੋਵੇਗਾ। ਐਨ.ਓ.ਸੀ. ਰਿਨਿਊ ਨਾ ਕਰਵਾਉਣ ਦੀ ਸੂਰਤ ਵਿੱਚ ਬਿਨ੍ਹਾਂ ਦੱਸੇ ਐਨ.ਓ.ਸੀ. ਰੱਦ ਕਰ ਦਿੱਤਾ ਜਾਵੇਗਾ।

ਸੋ ਉਪਰੋਕਤ ਸ਼ਰਤਾਂ ਮੁਤਾਬਿਕ ਫਰਮ ਨੂੰ 2/3 ਵੀਲਰ ਵਹੀਕਲ ਪੰਪ ਦਾ ਐਨ.ਓ.ਸੀ. ਜਾਰੀ ਕੀਤਾ ਜਾਂਦਾ ਹੈ ਅਤੇ ਫਰਮ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਆਪ ਵਲੋਂ **Town and Country Planning Organization, Ministry of Works, Housing and Urban development G.O.I./I.R.C** ਅਤੇ ਉਪਰੋਕਤ ਸ਼ਰਤਾਂ ਦੀ ਪਾਲਣਾ ਨਾ ਕੀਤੀ ਗਈ ਤਾਂ ਇਸ ਮਹਿਕਮੇ ਵਲੋਂ ਐਨ.ਓ.ਸੀ. ਬਿਨ੍ਹਾਂ ਨੋਟਿਸ ਦਿੱਤੇ ਰੱਦ ਕਰ ਦਿੱਤਾ ਜਾਵੇਗਾ। ਇਥੇ ਇਹ ਵੀ ਵਰਨਣ ਕੀਤਾ ਜਾਂਦਾ ਹੈ ਕਿ ਫਰਮ ਵਲੋਂ ਡਰਾਫਟ ਨੰ: 690200 ਮਿਤੀ: 04/01/2022 ਰਕਮ **3,25000** ਰੁਪਏ ਅਤੇ ਪ੍ਰੋਸੈਸਿੰਗ ਫੀਸ ਡਰਾਫਟ ਨੰ: 690199 ਮਿਤੀ: 04/01/2022 ਰਕਮ **2,000/-** ਰੁਪਏ ਵੀ ਜਮ੍ਹਾ ਕਰਵਾ ਦਿੱਤੀ ਗਈ ਹੈ। ਪੰਪ ਲੱਗਣ ਤੋਂ ਪਹਿਲਾਂ ਸਬੰਧਤ ਮਹਿਕਮੇ ਨੂੰ ਸੂਚਿਤ ਕੀਤਾ ਜਾਵੇ।

ਕਾਰਜਕਾਰੀ ਇੰਜੀਨੀਅਰ,
ਕੇਂਦਰੀ ਕਾਰਜ ਮੰਡਲ ਨੰ.2, ਲੋ:ਨਿ:ਵਿ:
ਬ ਤੇ ਮ ਸਾਖਾ, ਅੰਮ੍ਰਿਤਸਰ।

ਨੱਥੀ/ ਪਲੈਨ

ਪਿੱਠ ਅੰਕਣ ਨੰ....................ਮਿਤੀ.................

ਉਪਰੋਕਤ ਦਾ ਉਤਾਰਾ ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ, ਅੰਮ੍ਰਿਤਸਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ

ਸਹੀ/-
ਕਾਰਜਕਾਰੀ ਇੰਜੀਨੀਅਰ,
ਕੇਂਦਰੀ ਕਾਰਜ ਮੰਡਲ ਨੰ.2, ਲੋ:ਨਿ:ਵਿ:
ਭ ਤੇ ਮ ਸਾਖਾ, ਅੰਮ੍ਰਿਤਸਰ।

ਪਿੱਠ ਅੰਕਣ ਨੰ....................ਮਿਤੀ.................

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਅਜਨਾਲਾ ਨੂੰ ਉਹਨਾ ਦੇ ਪੱਤਰ ਨੰ: 365 ੀ 12/01/2022 ਦੇ ਹਵਾਲੇ ਸਬੰਧੀ ਸੂਚਨਾ ਹਿੱਤ ਭੇਜਕੇ ਲਿਖਿਆ ਜਾਂਦਾ ਹੈ ਕਿ ਪੈਟਰੋਲ ਪੰਪ ਲੱਗਣ ਵੇਲੇ ਮਹਿਕਮੇ ਦੀਆਂ ਾਇਤਾਂ ਦੀ ਇੰਨ ਬਿੰਨ ਪਾਲਣਾ ਕਰਵਾਈ ਜਾਵੇ।

ਸਹੀ/-
ਕਾਰਜਕਾਰੀ ਇੰਜੀਨੀਅਰ,
ਕੇਂਦਰੀ ਕਾਰਜ ਮੰਡਲ ਨੰ.2, ਲੋ:ਨਿ:ਵਿ:
ਭ ਤੇ ਮ ਸਾਖਾ, ਅੰਮ੍ਰਿਤਸਰ।

ਪਿੱਠ ਅੰਕਣ ਨੰ....................ਮਿਤੀ.................

ਉਪਰੋਕਤ ਦਾ ਉਤਾਰਾ ਡੀ.ਐਫ.ਐਸ.ਸੀ. ਅੰਮ੍ਰਿਤਸਰ ਨੂੰ ਉਹਨਾ ਦੇ ਪੱਤਰ ਨੰ. **A.L.A. 1330-39** ਮਿਤੀ: **24/11/2021** ਸਬੰਧੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ

ਸਹੀ/-
ਕਾਰਜਕਾਰੀ ਇੰਜੀਨੀਅਰ,
ਕੇਂਦਰੀ ਕਾਰਜ ਮੰਡਲ ਨੰ.2, ਲੋ:ਨਿ:ਵਿ:
ਭ ਤੇ ਮ ਸਾਖਾ, ਅੰਮ੍ਰਿਤਸਰ।